ਕੰਪਿਊਟਰ ਸੈਲ ਸਿੰਚਾਈ ਵਿਭਾਗ ਪੰਜਾਬ
ਚੰਡੀਗੜ੍ਹ
ਡਾਇਰੀ ਨੰ.238/CC ਮਿਤੀ...16/9/15

ਪੰਜਾਬ ਸਰਕਾਰ
ਸਿੰਚਾਈ ਵਿਭਾਗ
(ਸਿੰਚਾਈ ਪ੍ਰਸੋਨਲ-2 ਸਾਖਾ)

10810
16 SEP 2015
ਚੰਡੀਗੜ੍ਹ

**ਪੰਜਾਬ ਦੇ ਰਾਜਪਾਲ ਜੀ ਦੇ ਹੁਕਮ**

ਸ੍ਰੀ ਸੁਖਜਿੰਦਰ ਸਿੰਘ ਭੁੱਲਰ, ਉਪ ਮੰਡਲ ਅਫਸਰ ਨੂੰ ਸਰਕਾਰ ਦੇ ਪੱਤਰ ਨੰ: 5/10/2015-5ਸਿੰ.ਪ੍ਰੋ:2/499833/1-3, ਮਿਤੀ 3.6.2015 ਰਾਹੀਂ ਹੇਠ ਲਿਖੇ ਦੋਸ਼ਾ ਕਾਰਨ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਰੂਲਜ 1970 ਦੇ ਨਿਯਮ-8 ਅਧੀਨ ਦੋਸ਼ ਸੂਚੀ ਜਾਰੀ ਕੀਤੀ ਗਈ ਸੀ :-

1) ਆਪ ਵੱਲੋਂ ਪੱਕੀ ਟਿੱਬੀ ਸਬ ਸਰਫੇਸ ਸਕੀਮ ਰੱਖ ਰਖਾਵ ਵਿੱਚ ਵੱਧੀਆ ਪ੍ਰਬੰਧ ਨਾ ਕਰਨ ਕਾਰਨ ਬਿਜਲੀ ਦਾ ਟਰਾਂਸਫਾਰਮਰ ਵਾਰ ਵਾਰ ਸੜਦਾ ਰਿਹਾ ਹੈ।

2) ਆਪ ਵੱਲੋਂ ਪੱਕੀ ਟਿੱਬੀ ਸਬ ਸਰਫੇਸ ਸਕੀਮ ਰੱਖ ਰਖਾਵ ਸਹੀ ਨਾ ਕਰਨ ਕਾਰਨ ਸਰਕਾਰ ਦੇ ਖਜਾਨੇ ਦਾ ਨੁਕਸਾਨ ਅਤੇ ਸਰਕਾਰ ਦੀ ਛਵੀ (ਇਮੇਜ) ਖਰਾਬ ਕੀਤੀ ਹੈ।

3) ਸਕੀਮ ਦੀ ਸਹੀ ਸੰਭਾਲ ਨਾ ਕਰਨ ਕਰਕੇ ਆਪ ਵੱਲੋਂ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਰੂਲਜ 1970 ਦੇ ਨਿਯਮ-8 ਤਹਿਤ ਸਜਾ ਦਾ ਭਾਗੀਦਾਰ ਬਣਾਇਆ ਹੈ।

2. ਸ੍ਰੀ ਸੁਖਜਿੰਦਰ ਸਿੰਘ ਭੁੱਲਰ, ਉਪ ਮੰਡਲ ਅਫਸਰ ਵੱਲੋਂ ਉਕਤ ਦੋਸ਼ਾਂ ਸਬੰਧੀ ਆਪਣਾ ਜਵਾਬ ਸਰਕਾਰ ਨੂੰ ਮਿਤੀ 24.6.2015 ਨੂੰ ਪੇਸ਼ ਕੀਤਾ ਗਿਆ ਸੀ ਜਿਸ ਨੂੰ ਵਿਚਾਰਨ ਉਪਰੰਤ ਕੁਦਰਤੀ ਨਿਆਂ ਨੂੰ ਮੁੱਖ ਰੱਖਦੇ ਹੋਏ ਮਾਨਯੋਗ ਸਕੱਤਰ ਸਿੰਚਾਈ ਜੀ ਵੱਲੋਂ ਇਸ ਅਧਿਕਾਰੀ ਨੂੰ ਮਿਤੀ 28.8.2015 ਨੂੰ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ ਸੀ।

3. ਸ੍ਰੀ ਸੁਖਜਿੰਦਰ ਸਿੰਘ ਭੁੱਲਰ, ਉਪ ਮੰਡਲ ਅਫਸਰ ਵੱਲੋਂ ਨਿੱਜੀ ਸੁਣਵਾਈ ਸਮੇਂ ਮਾਨਯੋਗ ਸਕੱਤਰ ਸਿੰਚਾਈ ਜੀ ਦੇ ਸਨਮੁੱਖ ਪੇਸ਼ ਕੀਤੀ ਸ਼ਹਾਦਤ, ਦੋਸ਼ ਸੂਚੀ ਸਬੰਧੀ ਦਿੱਤੇ ਗਏ ਜਵਾਬ ਅਤੇ ਕੇਸ ਤੇ ਆਏ ਸਾਰੇ ਤੱਥਾਂ ਨੂੰ ਗਹੁ ਨਾਲ ਵਿਚਾਰਨ ਉਪਰੰਤ ਸ੍ਰੀ ਸੁਖਜਿੰਦਰ ਸਿੰਘ ਭੁੱਲਰ, ਉਪ ਮੰਡਲ ਅਫਸਰ ਨੂੰ ਅੱਗੇ ਤੋਂ ਸੁਚੇਤ ਰਹਿਣ ਦੀ ਤਾੜਨਾਂ ਕੀਤੀ ਜਾਂਦੀ ਹੈ।

ਕਾਹਨ ਸਿੰਘ ਪੰਨੂੰ
ਸਕੱਤਰ, ਪੰਜਾਬ ਸਰਕਾਰ
ਸਿੰਚਾਈ ਵਿਭਾਗ।

ਮਿਤੀ,ਚੰਡੀਗੜ੍ਹ:
10-9-2015

ਪਿੱਠ ਅੰਕਣ ਨੰ: 5/10/2015-5ਸਿੰ.ਪ੍ਰੋ:2/588666/3 ਮਿਤੀ,ਚੰਡੀਗੜ੍ਹ: 15/9/15

ਇਸ ਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ ।
2) ਮੁੱਖ ਇੰਜੀਨੀਅਰ/ਚੌਕਸੀ ਅਤੇ ਕੁਆਲਟੀ ਕੰਟਰੋਲ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ ।
3) ਕਾਰਜਕਾਰੀ ਇੰਜੀਨੀਅਰ-ਕਮ-ਇੰਚਾਰਜ ਕੰਪਿਊਟਰ ਸੈਲ, ਦਫਤਰ ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ,ਚੰਡੀਗੜ੍ਹ।
4) ਸ੍ਰੀ ਸੁਖਜਿੰਦਰ ਸਿੰਘ ਭੁੱਲਰ,ਉਪ ਮੰਡਲ ਅਫਸਰ, ਮੁਕਤਸਰ ਲ੍ਹਾਈਨਿੰਗ ਡਵੀਜਨ, ਮੁਕਤਸਰ।

ਸੁਪਰਡੰਟ